ਵਿਚਾਰ-ਚਰਚਾ

ਗੁਰਸ਼ਰਨ ਸਿੰਘ

# ਪੇਂਡੂ ਅਰਥਚਾਰੇ ਦਾ ਸਮਾਜਕ ਯਥਾਰਥ

ਨਿਕਾਰਗੁਆ ਦੱਖਣੀ ਅਫ਼ਰੀਕਾ ਦਾ ਇਕ ਛੋਟਾ ਦੇਸ਼ ਹੈ, ਜਿਥੇ ਸੋਸ਼ਲਿਸਟ ਇਨਕਲਾਬੀ ਦਸ ਸਾਲ ਪਹਿਲੇ ਸੱਤਾ ਵਿਚ ਆਏ ਤੇ ਫੇਰ 1990 ਵਿਚ ਉਹਨਾਂ ਤੋਂ ਸੱਤਾ ਖੁੱਸ ਗਈ। ਇਸ ਬਾਰੇ ਇਕ ਲੇਖ 'ਨਿਕਾਰਗੁਆ ਇਨਕਲਾਬ ਦੇ ਸਬਕ' ਇਕ ਅੰਤਰਰਾਸ਼ਟਰੀ ਪੱਧਰ ਦੇ ਮਾਰਕਸੀ ਮੈਗਜ਼ੀਨ ਵਿਚ ਪੜ੍ਹਨ ਨੂੰ ਮਿਲਿਆ ਹੈ, ਜੋ ਨਿਕਾਰਗੁਆ ਦੀ ਕਿਸਾਨੀ ਦੇ ਮਸਲਿਆਂ ਬਾਰੇ ਖੁੱਲ੍ਹ ਕੇ ਗੱਲ ਕਰਦਾ ਹੈ। ਹਿੰਦੋਸਤਾਨ ਜਾਂ ਪੰਜਾਬ ਵਿਚ ਕਿਸਾਨੀ ਦਾ ਜੋ ਸੰਕਟ ਹੈ, ਉਸ ਬਾਰੇ ਵੀ ਇਸ ਲੇਖ ਤੋਂ ਕੁਝ ਸਬਕ ਲਏ ਜਾ ਸਕਦੇ ਹਨ। ਇਹ ਵਿਚਾਰ-ਚਰਚਾ ਉਸੇ ਸੰਦਰਭ ਵਿਚ ਹੈ।

ਨਿਕਾਰਗੁਆ ਬਾਰੇ ਇਸ ਲੇਖ ਵਿਚ ਲਿਖਿਆ ਗਿਆ ਹੈ ਕਿ ਸੋਸ਼ਲਿਸਟ ਲੀਡਰਸ਼ਿਪ ਨੇ ਕਲਾਸਕੀ ਮਾਰਕਸੀ ਵਿਚਾਰਧਾਰਾ ਅਨੁਸਾਰ ਪੇਂਡੂ ਅਰਥਚਾਰੇ ਵਿਚ ਜਮਾਤਾਂ ਦੀਆਂ ਵਿਰੋਧਤਾਈਆਂ ਦੀ ਨਿਸ਼ਾਨਦੇਹੀ ਤਾਂ ਕੀਤੀ ਪਰ ਅਮਲੀ ਨੀਤੀਆਂ ਨੂੰ ਬਨਾਉਣ ਵੇਲੇ ਸਮਾਜਕ ਯਥਾਰਥ ਨੂੰ ਅੱਖੋਂ ਪਰੋਖੇ ਕਰ ਦਿੱਤਾ। ਉਹਨਾਂ ਨੇ ਇਹ ਤਾਂ ਦੇਖਿਆ ਕਿ ਪੇਂਡੂ ਦੁਕਾਨਦਾਰ (ਆੜ੍ਹਤੀ) ਕਿਸਾਨੀ ਨੂੰ ਲੁੱਟਦੇ ਹਨ ਪਰ ਇਹ ਨਾ ਦੇਖ ਸਕੇ ਕਿ ਇਹੀ ਦੁਕਾਨਦਾਰ ਕਿਸਾਨੀ ਨੂੰ ਵੱਡੀ ਮੰਡੀ ਨਾਲ ਜੋੜਦੇ ਹਨ। ਕਿਸਾਨ ਦਾ ਇਹਨਾਂ ਨਾਲ ਇਕ ਮਾਨਵੀ ਰਿਸ਼ਤਾ ਹੈ। ਇਹਨਾਂ ਦੁਕਾਨਦਾਰਾਂ ਨਾਲ ਲੈਣ-ਦੇਣ ਕਿਸਾਨ ਲਈ ਸਰਕਾਰੀ ਅਦਾਰਿਆਂ ਨਾਲ ਲੈਣ-ਦੇਣ ਕਰਨ ਨਾਲੋਂ ਆਸਾਨ ਹੈ। ਸੋਸ਼ਲਿਸਟ ਲੀਡਰਸ਼ਿਪ ਨੇ ਸਿਧਾਂਤਕ ਤੌਰ ਤੇ ਇਹ ਤਾਂ ਸਿੱਖ ਲਿਆ ਹੈ ਕਿ ਪੈਦਾਵਾਰ ਵਧਾਉਣ ਲਈ ਵੱਡੇ ਸਹਿਕਾਰੀ ਫਾਰਮ ਬਨਾਉਣੇ ਜ਼ਰੂਰੀ ਹਨ, ਜਿਥੇ ਆਧੁਨਿਕ ਤਕਨੀਕ ਵਰਤੋਂ ਵਿਚ ਲਿਆਈ ਜਾ ਸਕੇ, ਪਰ ਪ੍ਰੋਗਰਾਮ ਨੂੰ ਲਾਗੂ ਕਰਨ ਵੇਲੇ ਉਹ ਇਸ ਗੱਲ ਦਾ ਪੂਰੀ ਤਰ੍ਹਾਂ ਅਹਿਸਾਸ ਨਾ ਕਰ ਸਕੇ ਕਿ ਆਧੁਨਿਕਤਾ ਦੀ ਦੌੜ ਵਿਚ ਪਰੰਪਰਾਗਤ ਰਿਸ਼ਤਿਆਂ ਵਿਚ ਜੋ ਤੋੜ ਆਂਦੀ ਹੈ, ਉਹ ਮੰਤਵ ਨੂੰ ਹਾਸਲ ਕਰਨ ਵਿਚ ਰੁਕਾਵਟ ਬਣ ਜਾਂਦੀ ਹੈ। ਕਿਸਾਨ ਨਿੱਜੀ ਮਲਕੀਅਤ ਵਾਲੀ ਜ਼ਮੀਨ ਨਾਲ ਇਕ ਮੋਹ ਰੱਖਦਾ ਹੈ। ਲੀਡਰਸ਼ਿਪ ਨੇ ਨੀਤੀ ਬਨਾਉਣ ਵੇਲੇ ਇਹ ਤਾਂ ਵੇਖ ਲਿਆ ਕਿ 80 ਫਾਰਮਾਂ ਦੀ ਉਪਜ ਦਾ ਬੰਦੋਬਸਤ ਕਰਨਾ ਮੁਕਾਬਲਤਨ ਅਸਾਨ ਹੈ, ਜਦੋਂ ਢਾਈ ਲੱਖ ਕਿਸਾਨਾਂ ਦੀ ਨਿੱਜੀ ਉਪਜ ਦਾ ਬੰਦੋਬਸਤ ਕਰਨਾ ਪਵੇ ਪਰ ਇਹਦੇ ਲਈ ਜੋ ਸਮਾਜਕ ਮਾਨਸਿਕਤਾ ਬਦਲਣ ਦੀ ਲੋੜ ਹੈ, ਇੱਕ ਸੋਸ਼ਲਿਸਟ ਪੜ੍ਹਾਈ ਦੀ ਜੋ ਲੋੜ ਹੈ ਉਸਦੇ ਬਾਰੇ ਸੋਸ਼ਲਿਸਟ ਲੀਡਰਸ਼ਿਪ ਨੇ ਧਿਆਨ ਨਾ ਦਿੱਤਾ। ਨਤੀਜੇ ਦੇ ਤੌਰ 'ਤੇ ਕਿਸਾਨ ਵਿਚ ਅਲਹਿਦਗੀ ਦੀ ਭਾਵਨਾ ਆ ਗਈ, ਜਿਹੜੀ ਇਨਕਲਾਬ ਦੇ ਨਿਸ਼ਾਨੇ ਦੇ ਉਲਟ ਗਈ। ਇਸ ਲੇਖ ਦਾ ਨਿਚੋੜ ਹੈ ਕਿ ਸਿਧਾਂਤ ਲਾਗੂ ਕਰਨ ਦੇ ਜੋਸ਼ ਵਿਚ ਸਮਾਜਕ ਯਥਾਰਥਕ ਨੂੰ ਅੱਖੋਂ ਪਰੋਖੇ ਨਾ ਕੀਤਾ ਜਾਵੇ।

ਪੰਜਾਬ ਵਿਚ ਕਿਸਾਨ ਅਤੇ ਆੜ੍ਹਤੀ ਦੇ ਦਰਮਿਆਨੀ ਰਿਸ਼ਤੇ ਦੀ ਗੱਲ ਬੀਰ ਸਿੰਘ ਨਿਰਵੈਰ ਦੇ ਇਕ ਕਲਾਸਕੀ ਨਾਵਲ 'ਸਸਤਾ ਲਹੂ' ਵਿਚ ਆਂਦੀ ਹੈ। ਇਹ ਨਾਵਲ 20 ਸਾਲ ਪਹਿਲਾਂ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵੱਲੋਂ ਛਾਪਿਆ ਗਿਆ ਸੀ। ਇਹਦੀ ਦੂਜੀ ਐਡੀਸ਼ਨ ਛਾਪਣੀ ਵਿਚਾਰ ਅਧੀਨ ਹੈ। ਇਸ ਨਾਵਲ ਤੇ ਅਧਾਰਤ ਨਾਟਕ 'ਕਥਾ ਕਿਹਰ ਸਿੰਘ ਕਿਸਾਨ ਦੀ' ਵੀ ਕਾਫ਼ੀ ਮਕਬੂਲ ਹੋਇਆ। ਇਹ ਨਾਵਲ ਜਿਥੇ ਇਕ ਕਿਸਾਨ ਨੂੰ ਦਰਪੇਸ਼ ਮਸਲਿਆਂ ਦੇ ਰੂ-ਬ-ਰੂ ਹੁੰਦਾ ਹੈ, ਉਥੇ ਕਿਸਾਨ ਤੇ ਆੜ੍ਹਤੀ ਦੇ ਮਾਨਵੀ ਰਿਸ਼ਤੇ ਨੂੰ ਵੀ ਉਜਾਗਰ ਕਰਦਾ ਹੈ। ਸੇਠ ਵੱਲੋਂ ਕਿਸਾਨ ਦੀ ਲੁੱਟ ਹੈ ਪਰ ਉਹਨਾਂ ਦਰਮਿਆਨ ਇੱਕ ਵਿਸ਼ਵਾਸ ਦੀ ਵੀ ਤੰਦ ਹੈ। ਸੰਕਟ ਵੇਲੇ ਸੇਠ ਹੀ ਉਹਦੀ ਮਦਦ ਤੇ ਆਂਦਾ ਹੈ, ਜਦੋਂ ਕਿਸਾਨ ਨੂੰ ਅੱਧੀ ਰਾਤ ਵੇਲੇ ਆਪਣੀ ਬਿਮਾਰ ਪਤਨੀ ਨੂੰ ਚੰਡੀਗੜ੍ਹ ਹਸਪਤਾਲ ਵਿਚ ਲਿਜਾਣਾ ਪੈਂਦਾ ਹੈ। ਸਰਕਾਰੀ ਬੈਂਕ ਇਹ ਕੰਮ ਨਹੀਂ ਕਰ ਸਕਦੇ ਭਾਵੇਂ ਉਹਨਾਂ ਦੇ ਵਿਆਜ ਦੇ ਦਰ ਸੇਠਾਂ ਦੇ ਵਿਆਜ ਦੇ ਦਰ ਨਾਲੋਂ ਘੱਟ ਹਨ। ਸੇਠ ਲੁੱਟਣ ਵਾਲੀ ਜਮਾਤ ਦੇ ਨੁਮਾਇੰਦੇ ਹਨ, ਪਰ ਉਹ ਪੇਂਡੂ ਅਰਥਚਾਰੇ ਦੇ ਭਾਗ ਹਨ। ਮੌਜੂਦਾ ਹਾਲਾਤ ਵਿਚ ਇਹ ਗੱਲ ਦੁੱਧ ਦੇ ਵਿਉਪਾਰ ਉੱਤੇ ਵੀ ਲਾਗੂ ਹੁੰਦੀ ਹੈ। ਮਿਲਕ ਪਲਾਂਟ ਵਾਲੇ ਆਪਣੀਆਂ ਏਜੰਸੀਆਂ ਰਾਹੀਂ ਵੀ ਦੁੱਧ ਇਕੱਠਾ ਕਰਦੇ ਹਨ, ਪਰ ਬਹੁਤਾ ਦੁੱਧ ਵੱਡੇ ਠੇਕੇਦਾਰ ਜਾਂ ਦੁਕਾਨਦਾਰਾਂ ਰਾਹੀਂ ਹੀ ਇਕੱਠਾ ਕੀਤਾ ਜਾਂਦਾ ਹੈ। ਇਹ ਲੋੜ ਵੇਲੇ ਦੁੱਧ ਪੈਦਾ ਕਰਨ ਵਾਲੇ ਘਰਾਂ ਨੂੰ ਐਡਵਾਂਸ ਵੀ ਦੇ ਦੇਂਦੇ ਹਨ। ਸਾਰਾ ਸਿਸਟਮ ਭਾਵੇਂ ਠੀਕ ਨਹੀਂ ਤੇ ਪੈਦਾ ਕਰਨ ਵਾਲੇ ਦੀ ਲੁੱਟ ਕਰਦਾ ਹੈ, ਪਰ ਕੋਈ ਬਦਲਾਓ ਦੇਣ ਲਈ ਸਮਾਜਕ ਯਥਾਰਥ ਨੂੰ ਵੀ ਧਿਆਨ ਵਿਚ ਰੱਖਣਾ ਜ਼ਰੂਰੀ ਹੈ।

ਇਸ ਸੰਦਰਭ ਵਿਚ ਪੰਜਾਬ ਕਿਸਾਨ ਸਭਾ ਵੱਲੋਂ ਕਿਸਾਨਾਂ ਦੇ ਕਰਜ਼ੇ ਦੀ ਮੁਆਫ਼ੀ ਦੀ ਗੱਲ ਆਂਦੀ ਹੈ। ਪੰਜਾਬ ਦਾ ਕਿਸਾਨ ਸੰਕਟ ਵਿਚ ਹੈ। ਉਸ ਕਰਜ਼ਿਆਂ ਦੇ ਭਾਰ ਥੱਲੇ ਦੱਬਿਆ ਹੋਇਆ ਹੈ। ਖ਼ੁਦਕੁਸ਼ੀਆਂ ਕਰ ਰਿਹਾ ਹੈ। ਇੱਕ ਅਨੁਮਾਨ ਅਨੁਸਾਰ ਇਹ ਕਰਜ਼ਾ ਕੋਈ 6000 ਕਰੋੜ ਹੈ। ਪੰਜਾਬ ਕਿਸਾਨ ਸਭਾ ਨੇ ਨਾਅਰਾ ਦਿੱਤਾ ਹੈ ਕਿ ਇਹ ਕਰਜ਼ਾ ਮੁਆਫ਼ ਕੀਤਾ ਜਾਏ ਪਰ ਨਾਲ ਹੀ ਸਪੱਸ਼ਟ ਕੀਤਾ ਹੈ ਕਿ ਆੜ੍ਹਤੀਆਂ ਜਾਂ ਬੈਂਕਾਂ ਨੂੰ ਇਹ ਨੁਕਸਾਨ ਨਾ ਭੁਗਤਣਾ ਪਵੇ। ਸਰਕਾਰ ਆਪਣੇ ਵੱਲੋਂ ਇਹਨਾਂ ਕਰਜ਼ਿਆਂ ਦੀ ਅਦਾਇਗੀ ਕਰੇ, ਕਿਉਂਕਿ ਪੇਂਡੂ ਅਰਥਚਾਰੇ ਵਿਚ ਆੜ੍ਹਤੀਆਂ ਅਤੇ ਬੈਂਕ ਦੀ ਭੂਮਿਕਾ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਕਿਸਾਨ ਸਭਾ ਦਾ ਇਹ ਨਾਅਰਾ ਸਮਾਜਕ ਯਥਾਰਥ ਅਨੁਸਾਰ ਹੈ।

ਸੋਸ਼ਲਿਸਟ ਅਰਥਚਾਰੇ ਦਾ ਨਿਸ਼ਾਨਾ ਹੈ ਕਿ ਮਿਹਨਤਕਸ਼ ਲੋਕਾਂ ਦੀ ਲੁੱਟ-ਖਸੁੱਟ ਖ਼ਤਮ ਹੋਵੇ, ਪਰ ਇਸ ਨਿਸ਼ਾਨੇ ਨੂੰ ਹਾਸਲ ਕਰਨ ਲਈ ਯਥਾਰਥ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ। ਨਿਕਾਰਗੁਆ ਦਾ ਸਬਕ ਸਾਡੇ ਲਈ ਵੀ ਸਬਕ ਹੈ। ਜੋਸ਼ ਅਤੇ ਕਾਹਲ ਵਿਚ ਕੋਈ ਐਸਾ ਨਾਅਰਾ ਨਾ ਦਿੱਤਾ ਜਾਏ ਜੋ ਨਿਸ਼ਾਨੇ ਦੀ ਪ੍ਰਾਪਤੀ ਦੇ ਵਿਰੁੱਧ ਜਾਵੇ।